# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
## (ਦਫਤਰ ਪ੍ਰਮੁੱਖ ਇੰਜ:/ਐਚ.ਆਰ.ਡੀ, ਆਈ.ਆਰ.ਪੀ.ਸੈਲ ਪਟਿਆਲਾ)

ਵੱਲ

1. ਡੀ.ਜੀ.ਪੀ/ਵੀ ਅਤੇ ਐਸ, ਪੰ:ਸ:ਪਾ:ਕਾ:ਲਿਮ:, ਪਟਿਆਲਾ ।
2. ਸਾਰੇ ਇੰਜੀ:-ਇਨ-ਚੀਫ/ਜਨਰਲ ਮੈਨੇਜਰ/ਮੁੱਖ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ: ਵਿਖੇ।
3. ਮੁੱਖ ਪ੍ਰਬੰਧਕੀ ਪੰ:ਸ:ਪਾ:ਕਾ: ਲਿਮ ।
4. ਸਮੂਹ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀ: ਅਧੀਨ ਪੰ:ਸ:ਪਾ:ਕਾ: ਲਿਮ ਵਿਖੇ।
5. ਵਿੱਤੀ ਸਲਾਹਕਾਰ, ਪੰ:ਸ:ਪਾ:ਕਾ: ਲਿਮ:, ਪਟਿਆਲਾ ਵਿਖੇ।
6. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਮੁੱਖ ਲੇਖਾ ਅਫਸਰ ਅਤੇ ਚੀਫ ਕਾਸਟ ਕੰਟਰੋਲਰ ਅਤੇ ਰਿਡਕਸ਼ਨ, ਪੰ:ਸ:ਪਾ:ਕਾ: ਲਿਮ: ਵਿਖੇ।
7. ਸਮੂਹ ਵਧੀਕ ਨਿਗ:ਇੰਜੀ:/ਸੀਨੀ:ਕਾ:ਕਾ:ਇੰਜੀ: ਪੰ:ਸ:ਪਾ:ਕਾ: ਲਿਮ: ਵਿਖੇ।
8. ਸਾਰੇ ਉਪ ਸਕੱਤਰ/ਅਧੀਨ ਸਕੱਤਰ ਪੰ:ਸ:ਪਾ:ਕਾ: ਲਿਮ: ਵਿਖੇ।

25
3/1/13

ਮੀਮੋ ਨੰ: /ਆਈ.ਆਰ.ਪੀ-35ਵਾ-6

ਮਿਤੀ:-

ਵਿਸ਼ਾ: ਵੱਖ-ਵੱਖ ਵਿਭਾਗਾਂ ਦੇ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਦੇ ਭਲਾਈ ਵਿਭਾਗ(ਵਿਸ਼ੇਸ ਸੈਲ ਭਲਾਈ -2), ਚੰਡੀਗੜ੍ਹ ਦੇ ਪੱਤਰ ਨੰ:1/16/10-2ਵਸਭ2/369 ਮਿਤੀ 31.10.2012 ਦੀ ਨਕਲ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਹੂ-ਬਹੂ ਕੀਤੀ ਜਾਵੇ, ਕਿਉਂਕਿ ਪੰ:ਸ:ਪਾ:ਕਾ: ਲਿਮ: ਵੱਲੋਂ ਇਹ ਪੱਤਰ ਇਸ ਵਿਚ ਦਰਜ ਹਦਾਇਤਾਂ ਮੁਤਾਬਿਕ ਪਾਲਣਾ ਲਈ ਅਪਣਾ ਲਿਆ ਗਿਆ ਹੈ।

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਸੇਵਾਵਾਂ-2
ਪੰ:ਰਾ:ਬਿ:ਬੋ:, ਪਟਿਆਲਾ।

ਪਿੱਠ ਅੰਕਣ: 764/70 /ਆਈ.ਆਰ.ਪੀ-35ਵਾ-6 ਮਿਤੀ 01/01/2013

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੈਂਬਰ, ਪਾਵਰ, ਬੀਬੀਐਮਬੀ, ਚੰਡੀਗੜ੍ਹ।
2. ਸਾਰੇ ਮੁੱਖ ਇੰਜੀਨੀਅਰ, ਬੀਬੀਐਮਬੀ/ਬੀਸੀਬੀ।
3. ਸਕੱਤਰ/ ਬੀਬੀਐਮਬੀ, ਚੰਡੀਗੜ੍ਹ।
4. ਐਸ.ਈ./ਇਲੈ.ਯੂਨੀਅਨ, ਟੈਰੇਟਰੀ, ਚੰਡੀਗੜ੍ਹ।
5. ਰੈਜੀਡੈਂਟ ਆਡਿਟ ਆਫਿਸਰ, ਪਟਿਆਲਾ।
6. ਉਪ ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬੀਬੀਐਮਬੀ, ਨੰਗਲ।
7. ਵਿੱਤ ਸਲਾਹਕਾਰ ਅਤੇ ਮੁ.ਲੇ.ਅ., ਬਿਆਸ ਪ੍ਰੋਜੈਕਟ ਤਲਵਾੜਾ ਟਾਊਨਸ਼ਿਪ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਸੇਵਾਵਾਂ-2
ਪੰ:ਰਾ:ਬਿ:ਬੋ:, ਪਟਿਆਲਾ।

ਸੀ:ਸੀ: 1. ਉਪ ਮੁੱਖ ਇੰਜਨੀਅਰ/ਆਈ.ਟੀ.ਪੰ.ਰਾ.ਪਾ.ਕਾ.ਲਿਮਿ. ਪਟਿਆਲਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਪੱਤਰ ਸਮੇਤ ਸਹਿਲੱਗ ਦੇ ਪੰ:ਰਾ:ਪਾ:ਕਾ: ਲਿਮਿ:ਪਟਿਆਲਾ ਦੀ ਵੈਬਸਾਈਟ ਤੇ ਪਾ ਦਿੱਤਾ ਜਾਵੇ ਜੀ।

2 ਸੀ:ਕਾ:ਕਾ:ਇੰਜੀ:-ਕਮ-ਨੋਡਲ ਅਫਸਰ, ਏ ਪੀ ਡੀ ਆਰ ਪੀ ਸੈਲ ਪੰ:ਸ:ਪਾ:ਕਾ: ਲਿਮ: ਪਟਿਆਲਾ।

3. ਸਕੱਤਰ/ਪੰਜਾਬ ਸਰਕਾਰ ,ਬਿਜਲੀ ਵਿਭਾਗ (ਊਰਜਾ ਸ਼ਾਖਾ) ਚੰਡੀਗੜ੍ਹ ਨੂੰ, ਉਹਨਾਂ ਦੇ ਪੱਤਰ ਨੰ: 11/88/2012/ਉਸ -(5)/6694/1 ਮਿਤੀ 04.12.2012 ਦੇ ਹਵਾਲੇ ਵਿੱਚ।

ਨੱਥੀ/ਉਪਰੋਕਤ ਅਨੁਸਾਰ (ਲੜੀ ਨੰ: 1 ਅਤੇ 2 ਲਈ)

Dy. CE/HRD 11-12

Dy. No. 5234 /PS (C/Admn.)
Dated 10/12/12

Chief/Admn

178/179

Diary No. 5411 EIC/HRD
Date 12/12/12

ਪੰਜਾਬ ਸਰਕਾਰ
ਬਿਜਲੀ ਵਿਭਾਗ,
(ਉਰਜਾ ਸਾਖਾ)

ਵੱਲ

EIC/H.R.D.
Dy. CE/P.

ਚੇਅਰਮੈਨ-ਕਮ-ਮਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਪਾਵਰ ਕਾਰਪੋਰੇਸਨ ਲਿਮ :
ਪਟਿਆਲਾ ।
ਚੇਅਰਮੈਨ-ਕਮ-ਮਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਟਰਾਂਸਮਿਸਨ ਕਾਰਪੋਰੇਸਨ ਲਿਮ :
ਪਟਿਆਲਾ ।
ਮੁੱਖ ਬਿਜਲੀ ਇੰਸਪੈਕਟਰ,
ਪੰਜਾਬ ਸਰਕਾਰ, ਪਟਿਆਲਾ ।

5564/PS/CMD 10/12/12

ਮੀਮੋ ਨ: 11/88/2012/ਉਸ-(5) 6694/1 IWDMS
ਮਿਤੀ : 5 ~~ਅਕਤੂਬਰ~~ ਦਸੰਬਰ, 2012

ਵਿਸਾ: ਵੱਖ -ਵੱਖ ਵਿਭਾਗਾਂ ਦੇ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਬਾਰੇ ।

ਉਪਰੋਕਤ ਵਿਸੇ ਦੇ ਹਵਾਲੇ ਵਿੱਚ ।

ਸਕੱਤਰ ਭਲਾਈ ਵਿਭਾਗ ਪੰਜਾਬ ਵਲੋਂ ਪ੍ਰਾਪਤ ਪੱਤਰ ਨੰ: 369 ਮਿਤੀ: 31/10/!12 ਦੀ ਕਾਪੀ ਅਗਲੇਰੀ ਲੋੜੀਂਦੀ ਯੋਗ ਕਾਰਵਾਈ ਲਈ ਆਪ ਜੀ ਨੂੰ ਭੇਜੀ ਜਾਂਦੀ ਹੈ ।

ਅਨੁਲੱਗ: ਉਪਰੋਕਤ ਅਨੁਸਾਰ ।

30/11/12
ਸੁਪਰਡੰਟ
3/11/12

DS/S-2
13/12/12

SIRE
18/12

ਪੰਜਾਬ ਸਰਕਾਰ
ਭਲਾਈ ਵਿਭਾਗ
(ਵਿਸੇਸ ਸੈਲ ਭਲਾਈ-2)

ਵਿਸਾ:- ਵੱਖ-ਵੱਖ ਵਿਭਾਗਾਂ ਦੇ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਸਬੰਧੀ ।

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕਰਨ ।

ਵਿਸੇ ਅੰਕਿਤ ਮਾਮਲੇ ਸਬੰਧੀ ਭਲਾਈ ਵਿਭਾਗ ਵਲੋਂ ਸਮੇਂ-ਸਮੇਂ ਤੇ ਕੀਤੀਆਂ ਹਦਾਇਤਾਂ, ਅਨੁਸਾਰ ਰਾਜ ਵਿੱਚ ਰਾਖਵਾਂਕਰਨ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਬਣਾਏ ਗਏ ਰੋਸਟਰ ਰਜਿਸਟਰ ਤਿਆਰ ਕਰਕੇ, ਮੇਨਟੇਨ ਕਰਨਾ ਅਤੇ ਸਮੇਂ-ਸਮੇਂ ਤੇ ਵਿਭਾਗ ਦੇ ਮੁੱਖੀ/ਸਮਰੱਥ ਅਧਿਕਾਰੀਆਂ ਵਲੋਂ ਹਦਾਇਤਾਂ ਅਨੁਸਾਰ ਹਰ ਤਿਮਾਹੀ ਬਾਅਦ ਚੈਕ ਕੀਤੇ ਜਾਣੇ ਬਣਦੇ ਹਨ । ਭਲਾਈ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਭਲਾਈ ਵਿਭਾਗ ਦੀਆਂ ਹਦਾਇਤਾਂ ਦੇ ਬਾਵਜੂਦ ਵੀ ਰੋਸਟਰ ਰਜਿਸਟਰ ਜਾਂ ਤਾਂ ਤਿਆਰ ਹੀ ਨਹੀਂ ਕੀਤੇ ਜਾਂਦੇ ਜਾਂ ਉਨ੍ਹਾਂ ਨੂੰ ਸਹੀ ਤਰੀਕੇ ਨਾਲ ਮੇਨਟੇਨ/ਅਪ-ਟੂ-ਡੇਟ ਨਹੀਂ ਰੱਖਿਆ ਜਾਂਦਾ । ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਨਿਸਚਿਤ ਹੋਣ ਤੇ ਅਜੰਡੇ ਨਾਲ ਪੁਰਾਣੇ ਸਮੇਂ ਦੇ ਚੈਕ ਕੀਤੇ ਰੋਸਟਰ ਰਜਿਸਟਰਾਂ ਦੀ ਕਾਪੀ ਲਗਾ ਕੇ ਭੇਜ ਦਿੱਤੀ ਜਾਂਦੀ ਹੈ, ਜਿਸ ਦੇ ਸਿੱਟੇ ਵਜੋਂ ਮੀਟਿੰਗ ਮੁਲਤਵੀ ਕਰਕੇ ਅੱਗੇ ਪਾਉਣ ਲਈ ਮਜਬੂਰ ਹੋਣਾ ਪੈਂਦਾ ਹੈ । ਇਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਵਿਭਾਗੀ ਤਰੱਕੀ ਕਮੇਟੀ ਸਬੰਧੀ ਅਜੰਡੇ ਭੇਜਦੇ ਸਮੇਂ ਅਪ-ਟੂ-ਡੇਟ ਰੋਸਟਰ ਰਜਿਸਟਰ ਚੈਕ ਕੀਤੇ ਹੋਣ ਅਤੇ ਉਸ ਦੀ ਕਾਪੀ ਨਾਲ ਨੱਥੀ ਕਰਕੇ ਭੇਜੀ ਜਾਵੇ । ਅਜਿਹਾ ਨਾ ਹੋਣ ਦੀ ਸੂਰਤ ਵਿੱਚ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਭਲਾਈ ਵਿਭਾਗ ਦਾ ਨੁਮਾਇੰਦਾ ਕਿਸੇ ਵੀ ਸੂਰਤ ਵਿਚ ਨਹੀਂ ਭੇਜਿਆ ਜਾਵੇਗਾ ।

2. ਭਲਾਈ ਵਿਭਾਗ ਵਲੋਂ ਰੋਸਟਰ ਰਜਿਸਟਰਾਂ ਦੀ ਚੈਕਿੰਗ ਕਰਨ ਲਈ 11 ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਦੀਆਂ ਕਾਪੀਆਂ ਸਾਰੇ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ, ਪੰਜਾਬ ਸਰਕਾਰ ਨੂੰ ਭੇਜੀਆਂ ਜਾ ਚੁੱਕੀਆਂ ਹਨ । ਇਸ ਲਈ ਆਪਣੇ ਅਧੀਨ ਅਦਾਰਿਆਂ ਨੂੰ ਹਦਾਇਤ ਕੀਤੀ ਜਾਵੇ ਕਿ ਵਿਭਾਗ ਦੇ ਹਰ ਕਾਡਰ ਦੇ ਰੋਸਟਰ ਰਜਿਸਟਰ ਤਿਆਰ ਕਰਕੇ ਸਬੰਧਤ ਟੀਮ ਤੋਂ ਚੈਕ ਕਰਵਾਏ ਜਾਣ । ਜਿਨ੍ਹਾਂ ਵਿਭਾਗਾਂ ਦੇ ਨਾਂ ਟੀਮਾਂ ਵਿੱਚ ਸਾਮਿਲ ਨਹੀਂ ਹਨ, ਉਹ ਆਪਣੇ ਰੋਸਟਰ ਰਜਿਸਟਰ ਚੈਕ ਕਰਵਾਉਣ ਲਈ ਭਲਾਈ ਵਿਭਾਗ ਨਾਲ ਲਿਖਾ-ਪੜ੍ਹੀ ਕਰ ਸਕਦੇ ਹਨ ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ।

ਸਕੱਤਰ, 30/10/2012
ਭਲਾਈ ਵਿਭਾਗ, ਪੰਜਾਬ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ/ਸਕੱਤਰ(ਨਾਂ ਤੇ),
ਪੰਜਾਬ ਸਰਕਾਰ ।

ਪਿ:ਅ:ਵਿ:ਪ:ਨੰ:1/16/10-2ਵਸਭ2/ 369 ਮਿਤੀ, ਚੰਡੀਗੜ: 31.10.